**Proceedings of the meeting of the Commission held on 25-03-2022 under the Chairmanship of Prof. Emanual Nahar, Chairman.**

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ/ ਮੈਂਬਰ ਯਾਮਲ ਹੋਏ:-

| | |
|---|---|
| 1. ਸ਼੍ਰੀ ਅਹਿਮਦ ਅਲੀ ਗੁੱਡੂ | ਮੈਂਬਰ |
| 2. ਸ਼੍ਰੀ ਲਾਲ ਹੁਸੈਨ | ਮੈਂਬਰ |
| 3. ਸ਼੍ਰੀ ਨਾਸਿਰ ਹਸਲ ਸਲਮਾਨੀ | ਮੈਂਬਰ |
| 4. ਸ਼੍ਰੀ ਬਹਾਦਰ ਖਾਨ | ਮੈਂਬਰ |
| 5. ਸ਼੍ਰੀ ਸਲਿਲ ਕੁਮਾਰ | ਮੈਂਬਰ |
| 6. ਸ਼੍ਰੀ ਸੁਭਾਸ਼ ਮਸੀਹ ਥੋਬਾ | ਮੈਂਬਰ |

ਮੀਟਿੰਗ ਦੀ ਕਾਰਵਾਈ:

ਪ੍ਰੋ: ਇਮਾਨੂੰਏਲ ਨਾਹਰ, ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਅਗਵਾਈ ਹੇਠ ਕਮਿਸ਼ਨ ਦੀ ;ਮੀਟਿੰਗ ਹੋਈ ਜਿਸ ਵਿੱਚ ਉਪਰੋਕਤ ਅਧਿਕਾਰੀ ਅਤੇ ਮੈਂਬਰ ਸ਼ਾਮਲ ਹੋਏ। ਮੀਟਿੰਗ ਦੇ ਆਰੰਭ ਵਿੱਚ ਸਵਰਗਵਾਸੀ ਸ਼੍ਰੀ ਹੰਸ ਰਾਜ, ਵਾਈਸ ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਸਵਰਗਵਾਸ ਹੋਣ ਤੇ ਕਮਿਸ਼ਨ ਵਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਦੋ ਮਿੰਟ ਦਾ ਮੌਣ ਰੱਖ ਕੇ ਵਿਛੜੀ ਆਤਮਾ ਨੂੰ ਸ਼ਰਧਾਂਜਲੀ ਅਰਪਣ ਕੀਤੀ ਗਈ। ਇਸ ਦੇ ਉਪਰੰਤ ਹੇਠ ਲਿਖਿਆ ਵਿਸ਼ਿਆ ਤੇ ਵਿਚਾਰ ਵਟਾਂਦਰਾ ਕਰਕੇ ਅਹਿਮ ਫੈਸਲੇ ਲਏ ਗਏ।

**Agenda Item No. 1** ਹੁਸ਼ਿਆਰਪੁਰ ਵਿਖੇ ਜ਼ਾਮਾ ਮਸਜਿਦ ਦੇ ਬਾਹਰ ਕੁਝ ਸ਼ਰਾਰਤੀ ਅੰਸਰਾ ਦੁਆਰਾ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਮੁਸਲਮਾਨ ਭਾਈਚਾਰੇ ਦੇ ਵਿਰੁੱਧ ਨਾਅਰੇ ਲਾਉਣ ਸਬੰਧੀ।

ਮੁਸਲਮਾਨ ਭਾਈਚਾਰੇ ਅਤੇ ਹਿੰਦੂ ਭਾਈਚਾਰੇ ਵਿੱਚ ਜਾਮਾ ਮਸਜਿਦ ਸਾਹਮਣੇ ਅਣਚਾਹੇ ਤਕਰਾਰ ਸਬੰਧੀ ਸ਼ੋਸ਼ਲ ਮੀਡੀਆ ਤੇ ਖਬਰ ਅਤੇ ਵੀ.ਡੀ.ਓ. ਵਾਇਰਲ ਕੀਤੀ ਜਾ ਰਹੀ ਸੀ ਜਿਸ ਦਾ ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਲੋਂ ਗੰਭੀਰ ਨੋਟਿਸ ਲੈਂਦੇ ਹੋਏ ਅਤੇ ਪੰਜਾਬ ਵਿੱਚ ਭਾਈਚਾਰਕ ਸਾਂਝ, ਸ਼ਾਤੀ-ਪੂਰਬਕ, ਅਤੇ ਸਦਭਾਵਨਾ ਵਾਲਾ ਮਹੌਲ ਬਣਾਈ ਰੱਖਣ ਲਈ ਕਮਿਸ਼ਨ ਦੇ ਮੈਂਬਰ ਸ਼੍ਰੀ ਅਹਿਮਦ ਅਲੀ ਗੁੱਡੂ ਅਤੇ ਸ਼੍ਰੀ ਨਾਸਿਰ ਹਸਨ ਸਲਮਾਨੀ ਅਤੇ ਇਲਾਕੇ ਦੇ ਹੋਰ ਦੋ ਮੋਹਤਬਰ ਵਿਅਕਤੀ ਜੋ ਘੱਟ ਗਿਣਤੀ ਨਾਲ ਸਬੰਧਤ ਸਨ ਦੀ ਇਕ ਪੜਤਾਲੀਆ ਕਮੇਟੀ ਬਣਾਈ ਗਈ ਸੀ ਜੋ ਕਿ ਪੁਲਿਸ ਅਤੇ ਸਥਾਨਿਕ ਐਡਮਨਿਸਟਰੇਸ਼ਨ ਨਾਲ ਤਾਲਮੇਲ ਕਰਕੇ ਇਸ ਮਾਮਲੇ ਦੀ ਪੜਤਾਲ ਕਰਕੇ ਕਮਿਸ਼ਨ ਨੂੰ ਤੁਰੰਤ ਰਿਪੋਰਟ ਦੇਣ ਲਈ ਕਿਹਾ ਗਿਆ ਸੀ। ਪੜਤਾਲੀ ਕਮੇਟੀ ਦੁਆਰਾ ਆਪਣੀ ਰਿਪੋਰਟ ਵਿੱਚ ਦੱਸਿਆ ਗਿਆ ਕਿ ਪੜਤਾਲ ਦੌਰਾਨ ਪੁਲਿਸ ਵਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਘੱਟ ਗਿਣਤੀ ਭਾਈਚਾਰੇ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ ਅਤੇ ਘੱਟ ਗਿਣਤੀ ਭਾਈਚਾਰੇ ਨਾਲ ਕੋਈ ਵੀ ਜ਼ਿਅਦਤੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਇਸ ਕੇਸ ਵਿੱਚ ਮੁਜ਼ਰਮਾ ਵਿਰੁੱਧ ਐਫ.ਆਈ.ਆਰ ਦਰਜ ਕਰ ਲਈ ਗਈ ਹੈ।

**PSMC Resolution (Decision) dated 25-3-2022**

ਪੜਤਾਲੀਆ ਕਮੇਟੀ (ਮੈਂਬਰ ਸਹਿਬਾਨਾਂ) ਵਲੋਂ ਕੀਤੀ ਗਈ ਪੜਤਾਲ ਨੂੰ ਕਮਿਸ਼ਨ ਦੀ ਮੀਟਿੰਗ ਵਿੱਚ ਵਿਚਾਰੀ ਗਈ ਅਤੇ ਕੀਤੀ ਗਈ ਪੜਤਾਲ ਨੂੰ ਤਸੱਲੀਬਖਸ਼ ਸਮਝਿਆ ਗਿਆ ਅਤੇ

ਮਾਮਲਾ ਅਦਾਲਤ ਵਿੱਚ ਹੋਣ ਕਾਰਣ ਇਸ ਤੇ ਕਮਿਸ਼ਨ ਵਲੋਂ ਸਰਬ ਸੰਮਤੀ ਨਾ ਇਸ ਤੇ ਹੋਰ ਕੋਈ ਕਰਵਾਈ ਨਾ ਕਰਨ ਦਾ ਫੈਸਲਾ ਲਿਆ ਗਿਆ।

**Agenda Item No. 2** ਮਜੀਠਾ ਨੇੜੇ ਪਿੰਡ ਅਨਾਇਤਪੁਰਾ ਵਿਖੇ ਗੁਜਰ ਭਾਈਚਾਰੇ ਅਤੇ ਜੱਟ ਭਾਈਚਾਰੇ ਦੀ ਆਪਸ ਵਿੱਚ ਤਕਰਾਰ ਕਾਰਨ ਵਾਪਰੀ ਮੰਦਭਾਗੀ ਘੱਟਨਾ ਸਬੰਧੀ।

ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੁਆਰਾ ਅਖਬਾਰਾ ਵਿੱਚ ਛਪੀ ਖਬਰ ਕਿ ਮਜੀਠਾ (ਜ਼ਿਲ੍ਹਾ ਅੰਮ੍ਰਿਤਸਰ) ਨੇੜੇ ਪਿੰਡ ਅਨਾਇਤਪੁਰਾ ਵਿਖੇ ਗੁਜਰ ਭਾਈਚਾਰੇ ਅਤੇ ਜੱਟ ਭਾਈਚਾਰੇ ਦੀ ਆਪਸ ਵਿੱਚ ਤਕਰਾਰ ਅਤੇ ਲੜਾਈ ਕਾਰਣ ਗੁਜਰ ਭਾਈਚਾਰੇ ਦੇ ਦੋ ਵਿਅਕਤੀਆਂ ਦੀ ਹੱਤਿਆ ਦੇ ਮਾਮਲੇ ਦਾ ਗੰਭੀਰ ਨੋਟਿਸ ਲੈਂਦੇ ਹੋਏ ਅਤੇ ਪੰਜਾਬ ਵਿੱਚ ਭਾਈਚਾਰਕ ਸਾਂਝ, ਸ਼ਾਂਤੀ-ਪੂਰਬਕ ਅਤੇ ਸਦਭਾਵਨਾ ਵਲਾ ਮਹੌਲ ਬਣਾਈ ਰੱਖਣ ਲਈ ਕਮਿਸ਼ਨ ਦੇ ਮੈਂਬਰ ਡਾ: ਸੁਭਾਸ਼ ਮਸੀਹ ਥੋਬਾ ਅਤੇ ਸ਼੍ਰੀ ਲਾਲ ਹੁਸੈਨ ਅਤੇ ਇਲਾਕੇ ਦੇ ਦੋ ਹੋਰ ਘੱਟ ਗਿਣਤੀ ਭਾਈਚਾਰੇ ਨਾਲ ਸਬੰਧਤ ਮੋਹਤਬਰ ਵਿਅਕਤੀਆਂ ਦੁਆਰਾ ਇਸ ਮਾਮਲੇ ਦੀ ਪੜਤਾਲ ਕਰਨ ਅਤੇ ਪੁਲਿਸ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਉਹਨਾਂ ਵਲੋਂ ਕੀਤੀ ਗਈ ਕਾਰਵਾਈ ਸਬੰਧੀ ਰਿਪੋਰਟ ਕਰਨ ਲਈ ਡਿਊਟੀ ਲਗਾਈ ਗਈ ਸੀ। ਮੀਟਿੰਗ ਵਿੱਚ ਪੜਤਾਲੀ ਕਮੇਟੀ ਦੇ ਮੈਂਬਰ ਸਹਿਬਾਨਾਂ ਵਲੋਂ ਦੱਸਿਆ ਗਿਆ ਕਿ ਘੱਟ ਗਿਣਤੀ ਭਾਈਚਾਰੇ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਕੀਤੀ ਜਾਵੇਗੀ ਅਤੇ ਘੱਟ ਗਿਣਤੀ ਭਾਈਚਾਰੇ ਨਾਲ ਕੋਈ ਵੀ ਜ਼ਿਆਦਤੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਦੋਸ਼ੀਆਂ ਵਿਰੁੱਧ ਐਫ.ਆਈ.ਆਰ ਦਰਜ ਕਰ ਲਈ ਗਈ ਹੈ।

**PSMC Resolution (Decision) dated 25-3-2022**

ਮੈਂਬਰ ਸਹਿਬਾਨਾਂ (ਪੜਤਾਲੀਆ ਕਮੇਟੀ) ਵਲੋਂ ਦਿੱਤੀ ਗਈ ਰਿਪੋਰਟ ਨੂੰ ਕਮਿਸ਼ਨ ਦੀ ਮੀਟਿੰਗ ਵਿੱਚ ਵਿਚਾਰਿਆ ਗਿਆ ਅਤੇ ਕਮਿਸ਼ਨ ਵਲੋਂ ਪੜਤਾਲ ਨੂੰ ਤਸੱਲੀ ਬਖਸ਼ ਪਾਇਆ ਗਿਆ ਅਤੇ ਕਮਿਸ਼ਨ ਨੇ ਸਰਬਸੰਮਤੀ ਨਾਲ ਪਰਵਾਨ ਕੀਤਾ ਕਿ ਐਫ.ਆਈ.ਆਰ ਦਰਜ ਹੋ ਗਈ ਹੈ ਅਤੇ ਮਾਮਲਾ ਅਦਾਲਤ ਵਿੱਚ ਵਿਚਾਰ ਅਧੀਨ ਹੋਣ ਕਾਰਣ ਇਸ ਸਬੰਧੀ ਕਮਿਸ਼ਨ ਵਲੋਂ ਹੋਰ ਕੋਈ ਕਾਰਵਾਈ ਕੀਤੇ ਜਾਣ ਦੀ ਲੋੜ ਨਹੀਂ ਹੈ।

**Agenda Item No. 3** ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਸਾਲ 2020-21 ਦੀ ਸਾਲਾਨਾ ਰਿਪੋਰਟ ਦੀ ਪਰਵਾਨਗੀ ਸਬੰਧੀ।

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਐਕਟ, 2012 (ਪੰਜਾਬ ਐਕਟ ਨੰਬਰ 13 ਆਫ 2013) ਦੇ ਸੈਕਸ਼ਨ 18 ਅਨੁਸਾਰ "The Commission shall prepare, in such form and at such time, for each Financial years, as may be prescribed, its annual report giving a true and full accounts of its activities during the previous financial year, alongwith it recommendation and forward a copy therof to the Government."

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਐਕਟ, 2012 (ਪੰਜਾਬ ਐਕਟ ਨੰਬਰ 13 ਆਫ 2013) ਅਨੁਸਾਰ ਕਮਿਸ਼ਨ ਦੁਆਰਾ ਵਿੱਤੀ ਸਾਲ 2020-21 ਦੌਰਾਨ ਆਪਣੀਆਂ ਗਤੀਵਿੱਧੀਆਂ ਦਾ ਸਹੀ ਅਤੇ ਪੂਰਾ ਲੇਖਾ-ਜੋਗਾ ਦਿੰਦੇ ਹੋਏ ਸਿਫਾਰਸ਼ਾਂ ਦੇ ਨਾਲ ਆਪਣੀ ਸਾਲਾਨਾ ਰਿਪੋਰਟ ਤਿਆਰ ਕਰਕੇ ਕਮਿਸ਼ਨ ਦੀ ਮੀਟਿੰਗ ਵਿੱਚ ਵਿਚਾਰਨ ਲਈ ਪੇਸ਼ ਕੀਤੀ ਗਈ।

**PSMC Resolution (Decision) dated 25-3-2022**

ਵਿੱਤੀ ਸਾਲ 2020-21 ਦੀ ਸਾਲਾਨਾ ਰਿਪੋਰਟ ਕਮਿਸ਼ਨ ਦੀ ਮੀਟਿੰਗ ਵਿੱਚ ਵਿਚਾਰਨ ਉਪਰੰਤ ਸਰਬ ਸੰਮਤੀ ਨਾਲ ਇਸ ਰਿਪੋਰਟ ਨੂੰ ਪਰਵਾਨ ਕਰਦੇ ਹੋਏ ਇਸ ਦੀ ਇਕ ਕਾਪੀ ਸਰਕਾਰ ਨੂੰ ਪਰਵਾਨਗੀ ਲਈ ਭੇਜਣ ਦੀ ਪਰਵਾਨਗੀ ਦਿੱਤੀ ਗਈ।

**Agenda Item No. 4** ਕਮਿਸ਼ਨ ਦੇ ਦਫਤਰੀ ਵਰਤੋਂ ਲਈ ਨਵੀਂ ਫੋਟੋ ਸਟੈਟ ਮਸੀਨ ਦੀ ਖਰੀਦ ਸਬੰਧੀ।

ਪੰਜਾਬ ਰਾਜ ਘੱਟ ਗਿੱਣਤੀ ਕਮਿਸ਼ਨ ਦੀ ਸਥਾਪਨਾ ਸਮੇਂ ਦਫਤਰੀ ਵਰਤੋਂ ਲਈ ਫੋਟੋਸਟੈਟ ਮਸ਼ੀਨ ਦੀ ਖਰੀਦ ਮਿਤੀ 14-12-2010 ਨੂੰ ਕੀਤੀ ਗਈ ਸੀ। ਇਹ ਮਸ਼ੀਨ ਬਹੁਤ ਪੁਰਾਣੀ ਹੋ ਗਈ ਹੈ ਅਤੇ ਬਾਰ ਬਾਰ ਮੁਰੰਮਤ ਕਰਵਾਉਣ ਤੇ ਵੀ ਇਹ ਮਸ਼ੀਨ ਹੁਣ ਦਫਤਰੀ ਕੰਮ ਦੇ ਯੋਗ ਨਹੀਂ ਹੈ।

**PSMC Resolution (Decision) dated 25-3-2022**

ਦਫਤਰੀ ਕੰਮ ਨੂੰ ਮੁੱਖ ਰੱਖਦੇ ਹੋਏ ਫੋਟੋ ਸਟੈਟ ਦੀ ਸਬੰਧੀ ਮਾਮਲਾ ਕਮਿਸ਼ਨ ਦੀ ਮੀਟਿੰਗ ਵਿੱਚ ਵਿਚਾਰਿਆ ਗਿਆ ਅਤੇ ਕਮਿਸ਼ਨ ਵਲੋਂ ਸਰਬਸਮੰਤੀ ਨਾਲ ਪਰਵਾਨ ਕੀਤਾ ਗਿਆ ਕਿ ਕਮਿਸ਼ਨ ਦੀ ਦਫਤਰੀ ਵਰਤੋਂ ਲਈ ਅਗਲੇ ਵਿੱਤੀ ਸਾਲ ਦੇ ਫੰਡਾ ਵਿਚੋਂ ਹਦਾਇਤਾ ਅਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਨਵੀਂ ਫੋਟੋਸਟੈਟ ਮਸ਼ੀਨ ਦੀ ਖਰੀਦ ਕਰ ਲਈ ਜਾਵੇ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

Emanual Nahar

(ਪ੍ਰੋ:ਇੰਮਾਨੂੰਏਲ ਨਾਹਰ)
ਚੇਅਰਮੈਨ
ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ